# ਕੋਵਿਡ-19 ਦੇ ਵੈਕਸੀਨਾਂ ਬਾਰੇ ਸਵਾਲ਼?

## ਪੇਸ਼ ਹਨ ਕੁੱਝ ਇਕ ਦੇ ਜੁਆਬ।

Ontario

## ਕੋਵਿਡ-19 ਕੀ ਹੈ?

ਕੋਵਿਡ-19 ਕਰੋਨਾਵਾਇਰਸ ਹੈ ਜਿਸ ਦੀ ਪਹਿਲੀ ਵਾਰ ਪਛਾਣ 2019 ਦੇ ਅੰਤ ਵਿੱਚ ਹੋਈ ਸੀ। ਕਰੋਨਾਵਾਇਰਸ ਵਾਇਰਸਾਂ ਦਾ ਇਕ ਵੱਡਾ ਪਰਿਵਾਰ ਹੈ ਜਿਹਨਾਂ ਕਾਰਨ ਸਾਹ ਪ੍ਰਣਾਲੀ ਦੀਆਂ ਹਲਕੀਆਂ ਤੋਂ ਗੰਭੀਰ ਇਨਫੈਕਸ਼ਨਾਂ ਹੁੰਦੀਆਂ ਹਨ।

## ਕੋਵਿਡ-19 ਕਿਵੇਂ ਫੈਲਦਾ ਹੈ?

ਕੋਵਿਡ-19 ਆਮ ਤੌਰ 'ਤੇ ਇਸ ਵਾਇਰਸ ਦੀ ਇਨਫੈਕਸ਼ਨ ਵਾਲੇ ਵਿਅਕਤੀ ਦੇ ਸਾਹ ਰਾਹੀਂ ਨਿਕਲਣ ਵਾਲੇ ਤੁਪਕਿਆਂ (ਰੈਸਪੀਰੇਟਰੀ ਡਰੌਪਲਿਟਸ) ਰਾਹੀਂ ਫੈਲਦਾ ਹੈ। ਇਹ ਖੰਘਣ, ਛਿੱਕ ਮਾਰਨ, ਗੱਲਾਂ ਕਰਨ ਅਤੇ ਗਾਉਣ ਰਾਹੀਂ ਹੋ ਸਕਦਾ ਹੈ। ਕੋਵਿਡ-19 ਵਾਇਰਸ ਵਾਲੀ ਥਾਂ ਜਾਂ ਵਸਤੂ ਨੂੰ ਛੋਹਣ ਤੋਂ ਬਾਅਦ ਆਪਣੇ ਅਣਧੋਤੇ ਹੱਥਾਂ ਨਾਲ ਮੂੰਹ, ਨੱਕ ਜਾਂ ਅੱਖਾਂ ਨੂੰ ਛੋਹਣ ਨਾਲ ਵੀ ਫੈਲ ਸਕਦਾ ਹੈ। ਵਾਇਰਸ ਤੁਹਾਡੇ ਵਿੱਚ ਲੱਛਣ ਦਿਖਾਈ ਦੇਣ ਜਾਂ ਵਿਕਸਤ ਹੋਣ ਤੋਂ ਪਹਿਲਾਂ ਫੈਲ ਸਕਦਾ ਹੈ।

## ਕੋਵਿਡ-19 ਦੀ ਵੈਕਸੀਨ ਲਗਵਾਉਣ ਦੇ ਕੌਣ ਯੋਗ ਹੈ?

ਪੰਜ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਓਨਟਾਰੀਓ ਦੇ ਲੋਕ ਕੋਵਿਡ-19 ਦਾ ਪਹਿਲਾ ਅਤੇ ਦੂਜਾ ਟੀਕਾ ਲਗਵਾ ਸਕਦੇ ਹਨ। 12 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕ ਬੂਸਟਰ ਦੇ ਤੌਰ 'ਤੇ ਵੀ ਟੀਕੇ ਲਗਵਾ ਸਕਦੇ ਹਨ।

ਕੁੱਝ ਲੋਕਾਂ ਨੂੰ ਉਨ੍ਹਾਂ ਦੀ ਬੀਮਾਰੀ ਨਾਲ ਲੜਨ ਦੀ ਯੋਗਤਾ ਦੇ ਘਟਣ ਦੀ ਸੰਭਾਵਨਾ ਕਾਰਨ ਗੰਭੀਰ ਬੀਮਾਰੀ ਹੋਣ ਅਤੇ ਹਸਪਤਾਲ ਵਿੱਚ ਦਾਖਲੇ ਦਾ ਵੱਧ ਖਤਰਾ ਹੁੰਦਾ ਹੈ, ਇਸ ਕਰਕੇ ਉਹ ਲੋਕ ਕੋਵਿਡ-19 ਦੇ ਵੈਕਸੀਨ ਦੀ ਮੁੱਢਲੀ ਵਧਾਈ ਗਈ ਲੜੀ (ਐਕਸਟੈਂਡਿਡ ਪ੍ਰਾਈਮਰੀ ਸੀਰੀਜ਼) ਅਤੇ ਬੂਸਟਰ ਦੇ ਤੌਰ 'ਤੇ ਤੀਜਾ ਟੀਕਾ ਲਗਵਾਉਣ ਲਈ ਯੋਗ ਹਨ ਅਤੇ ਉਹਨਾਂ ਲਈ ਤੀਜਾ ਟੀਕਾ ਲਗਵਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਯੋਗਤਾ ਬਾਰੇ ਜਾਣਕਾਰੀ ਲੈਣ ਲਈ ontario.ca/covidvaccineinfo 'ਤੇ ਜਾਉ।

## ਮੈਨੂੰ ਕੋਵਿਡ-19 ਵੈਕਸੀਨ ਕਿਉਂ ਲਗਵਾਉਣਾ ਚਾਹੀਦਾ ਹੈ?

ਵੈਕਸੀਨ ਲਗਵਾ ਕੇ ਤੁਸੀਂ ਆਪਣੇ ਆਪ ਨੂੰ, ਆਪਣੇ ਪਿਆਰਿਆਂ ਨੂੰ ਅਤੇ ਆਪਣੀ ਕਮਿਊਨਿਟੀ ਨੂੰ ਕੋਵਿਡ-19 ਅਤੇ ਇਸ ਦੀਆਂ ਦੂਸਰੀਆਂ ਕਿਸਮਾਂ ਕਾਰਨ ਹੋਣ ਵਾਲੀ ਗੰਭੀਰ ਬੀਮਾਰੀ ਅਤੇ ਹਸਪਤਾਲ ਵਿੱਚ ਦਾਖਲੇ ਤੋਂ ਬਚਾਉਣ ਲਈ ਕਰਨ ਵਾਲੀ ਸਭ ਤੋਂ ਮਹੱਤਵਪੂਰਨ ਚੀਜ਼ ਕਰ ਸਕਦੇ ਹੋ।

ਕੋਵਿਡ-19 ਦੇ ਵੈਕਸੀਨ ਕਰੋਨਾਵਾਇਰਸ ਦੀ ਇਨਫੈਕਸ਼ਨ ਨਹੀਂ ਕਰਦੇ। ਉਹ ਵਾਇਰਸ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ ਤਾਂ ਕਿ ਤੁਹਾਡਾ ਸਰੀਰ ਇਸ ਨਾਲ ਜ਼ਿਆਦਾ ਸੌਖੀ ਤਰ੍ਹਾਂ ਲੜ ਸਕੇ। ਇਹ ਤੁਹਾਨੂੰ ਕੋਵਿਡ-19 ਹੋਣ ਦਾ ਖਤਰਾ ਘਟਾ ਸਕਦਾ ਹੈ ਜਾਂ ਜੇ ਤੁਹਾਨੂੰ ਕੋਵਿਡ-19 ਹੋ ਜਾਵੇ ਤਾਂ ਤੁਹਾਡੇ ਵਿੱਚ ਹੋਣ ਵਾਲੇ ਲੱਛਣਾਂ ਨੂੰ ਹਲਕੇ ਕਰ ਸਕਦਾ ਹੈ।

## ਜਦੋਂ ਜਨਤਕ ਸਿਹਤ (ਪਬਲਿਕ ਹੈਲਥ) ਦੇ ਉਪਾਅ ਹਟਾਏ ਜਾ ਰਹੇ ਹਨ ਤਾ ਮੈਂ ਵੈਕਸੀਨ ਕਿਉਂ ਲਗਵਾਵਾਂ?

ਜਨਤਕ ਸਿਹਤ (ਪਬਲਿਕ ਹੈਲਥ) ਦੇ ਉਪਾਵਾਂ ਅਤੇ ਕੰਮ ਉੱਤਲੇ ਸੁਰੱਖਿਆ ਉਪਾਵਾਂ ਨੂੰ ਹਟਾਉਣ ਦਾ ਮਤਲਬ ਇਹ ਨਹੀਂ ਕਿ ਕੋਵਿਡ-19 ਖਤਮ ਹੋ ਗਿਆ ਹੈ ਜਾਂ ਮਹਾਂਮਾਰੀ ਖਤਮ ਹੋ ਗਈ ਹੈ। ਵੈਕਸੀਨ ਅਜੇ ਵੀ ਕੋਵਿਡ-19 ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹਨ ਅਤੇ ਸਾਡੇ ਵਲੋਂ ਕੀਤੀ ਤਰੱਕੀ ਨੂੰ ਸੁਰੱਖਿਅਤ ਰੱਖਣ ਲਈ ਮਦਦ ਕਰਦੇ ਹਨ।

ਕੋਵਿਡ-19 ਦੇ ਸਿਫਾਰਿਸ਼ ਕੀਤੇ ਸਾਰੇ ਟੀਕੇ ਲਗਵਾਉਣਾ ਅਜੇ ਵੀ ਉਹ ਸਭ ਤੋਂ ਮਹੱਤਵਪੂਰਨ ਚੀਜ਼ ਹੈ ਜਿਹੜੀ ਤੁਸੀਂ ਆਪਣੇ ਆਪ ਨੂੰ, ਆਪਣੇ ਪਿਆਰਿਆਂ ਨੂੰ ਅਤੇ ਆਪਣੀ ਕਮਿਊਨਿਟੀ ਨੂੰ ਕੋਵਿਡ-19 ਅਤੇ ਇਸ ਦੀਆਂ ਦੂਸਰੀਆਂ ਕਿਸਮਾਂ ਤੋਂ ਬਚਾਉਣ ਲਈ ਕਰ ਸਕਦੇ ਹੋ। ਇਹ ਤੁਹਾਡੇ ਵੱਲੋਂ ਗੰਭੀਰ ਬੀਮਾਰ ਅਤੇ ਹਸਪਤਾਲ ਵਿੱਚ ਦਾਖਲ ਹੋਣ ਅਤੇ ਤੁਹਾਡੀ ਮੌਤ ਹੋ ਜਾਣ ਦੇ ਖਤਰੇ ਨੂੰ ਬਹੁਤ ਜ਼ਿਆਦਾ ਹੱਦ ਤੱਕ ਘਟਾ ਦਿੰਦਾ ਹੈ।

## ਕੀ ਕੋਵਿਡ-19 ਦਾ ਬੂਸਟਰ ਟੀਕਾ ਲਗਵਾਉਣਾ ਜ਼ਰੂਰੀ ਹੈ?

ਜਦੋਂ ਕਿ ਕੋਵਿਡ-19 ਦੇ ਵੈਕਸੀਨ ਦੇ ਟੀਕਿਆਂ ਦੀ ਮੁੱਢਲੀ ਲੜੀ ਗੰਭੀਰ ਬੀਮਾਰੀ ਅਤੇ ਹਸਪਤਾਲ ਵਿੱਚ ਦਾਖਲੇ ਤੋਂ ਬਚਾਅ ਕਰਨ ਲਈ ਬਹੁਤ ਕਾਰਗਰ ਹੈ, ਫਿਰ ਵੀ ਤੁਹਾਡੇ ਵੱਲੋਂ ਕੋਵਿਡ-19 ਦੇ ਸਿਫਾਰਿਸ਼ ਕੀਤੇ ਸਾਰੇ ਟੀਕੇ ਲਗਵਾਉਣਾ ਮਹੱਤਵਪੂਰਨ ਹੈ, ਕਿਉਂਕਿ ਕੋਵਿਡ-19 ਦੇ ਵੈਕਸੀਨ ਦੇ ਟੀਕਿਆਂ ਦੀ ਮੁੱਢਲੀ ਲੜੀ ਤੋਂ ਬਚਾਅ ਸਮਾਂ ਪਾ ਕੇ ਘਟ ਜਾਂਦਾ ਹੈ ਖਾਸ ਕਰਕੇ ਚਿੰਤਾਂ ਕਰਨ ਵਾਲੀਆਂ ਕਿਸਮਾਂ (ਵੇਰੀਐਂਟਸ ਆਫ ਕਨਸਰਨਜ਼) ਤੋਂ।

18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਆਪਣੇ ਪਹਿਲੇ ਬੂਸਟਰ ਟੀਕੇ ਲਈ ਅਪੁਆਇੰਟ ਆਪਣਾ ਦੂਸਰਾ ਟੀਕਾ ਲੱਗਣ ਤੋਂ 3 ਮਹੀਨਿਆਂ (84 ਦਿਨਾਂ) ਬਾਅਦ ਲੈ ਸਕਦੇ ਹਨ। 12 ਤੋਂ 17 ਸਾਲ ਦੇ ਲੋਕ ਆਪਣੇ ਪਹਿਲੇ ਬੂਸਟਰ ਟੀਕੇ ਲਈ ਅਪੁਆਇੰਟ ਆਪਣਾ ਦੂਸਰਾ ਟੀਕਾ ਲੱਗਣ ਤੋਂ 6 ਮਹੀਨਿਆਂ (168 ਦਿਨਾਂ) ਬਾਅਦ ਲੈ ਸਕਦੇ ਹਨ। ਇਸ ਦੇ ਨਾਲ ਹੀ ਕੁੱਝ ਖਾਸ ਲੋਕ ਦੂਜਾ ਬੂਸਟਰ ਟੀਕਾ ਲਗਵਾਉਣ ਦੇ ਵੀ ਯੋਗ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ontario.ca/covidvaccineinfo 'ਤੇ ਜਾਉ।

## ਮੈਨੂੰ ਪਹਿਲਾਂ ਹੀ ਕੋਵਿਡ-19 ਹੋ ਗਿਆ ਸੀ ਅਤੇ ਮੈਂ ਉਸ ਤੋਂ ਰਾਜ਼ੀ ਹੋ ਗਿਆ/ਗਈ ਹਾਂ। ਕੀ ਮੈਨੂੰ ਅਜੇ ਵੀ ਵੈਕਸੀਨ ਲਗਵਾਉਣ ਦੀ ਲੋੜ ਹੈ?

ਹਾਂ, ਗੰਭੀਰ ਬੀਮਾਰੀ ਅਤੇ ਹਸਪਤਾਲ ਵਿੱਚ ਦਾਖਲੇ ਤੋਂ ਬਚਾਅ ਵਿੱਚ ਵਾਧਾ ਕਰਨ ਲਈ ਤੁਹਾਨੂੰ ਅਜੇ ਵੀ ਕੋਵਿਡ-19 ਦੇ ਸਿਫਾਰਿਸ਼ ਕੀਤੇ ਸਾਰੇ ਟੀਕੇ ਲਗਵਾਉਣੇ ਚਾਹੀਦੇ ਹਨ।

ਬੇਸ਼ੱਕ ਤੁਸੀਂ ਕੋਵਿਡ-19 ਤੋਂ ਰਾਜ਼ੀ ਹੋ ਗਏ ਹੋਵੋ, ਤੁਸੀਂ ਇਸ ਤੋਂ ਸੁਰੱਖਿਅਤ (ਇਮਿਊਨ) ਨਹੀਂ ਹੋ ਅਤੇ ਤੁਹਾਨੂੰ ਅਜੇ ਵੀ ਇਸ ਵਾਇਰਸ ਤੋਂ ਇਨਫੈਕਸ਼ਨ ਹੋ ਸਕਦੀ ਹੈ ਅਤੇ ਤੁਸੀਂ ਦੂਸਰਿਆਂ ਨੂੰ ਇਹ ਵਾਇਰਸ ਦੇ ਸਕਦੇ ਹੋ ਭਾਵੇਂ ਤੁਹਾਡੇ ਵਿੱਚ ਕੋਈ ਵੀ ਲੱਛਣ ਨਾ ਦਿਖਾਈ ਦੇ ਰਿਹਾ ਹੋਵੇ। ਨਵੀਂਆਂ ਕਿਸਮਾਂ ਦੇ ਫੈਲਾਅ ਕਾਰਨ, ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਕੋਵਿਡ-19 ਦੇ ਵੈਕਸੀਨਾਂ ਨਾਲ ਅਪ-ਟੂ-ਡੇਟ ਰਹੋ।

ਜੇ ਤੁਹਾਨੂੰ ਹੁਣੇ ਜਿਹੇ ਕੋਵਿਡ-19 ਹੋਇਆ ਹੈ, ਤਾਂ ਇਹ ਚੰਗਾ ਹੋਵੇਗਾ ਕਿ ਤੁਸੀਂ ਆਪਣਾ ਅਗਲਾ ਟੀਕਾ ਲਗਵਾਉਣ ਲਈ ਕੋਵਿਡ-19 ਹੋਣ ਤੋਂ ਬਾਅਦ ਛੇ ਮਹੀਨਿਆਂ ਲਈ ਉਡੀਕ ਕਰੋ। ਤੁਹਾਡੀ ਉਮਰ, ਹੁਣ ਤੱਕ ਲਗਵਾਏ ਟੀਕਿਆਂ ਅਤੇ ਤੁਹਾਡੀ ਸਿਹਤ ਦੀ ਹਾਲਤ ਦੇ ਆਧਾਰ `ਤੇ ਤੁਹਾਡੇ ਲਈ ਇਸ ਵਾਸਤੇ ਕਿੰਨਾ ਸਮਾਂ ਸਭ ਤੋਂ ਵਧੀਆ ਰਹੇਗਾ ਇਸ ਬਾਰੇ ਹੋਰ ਜਾਣਕਾਰੀ ਲੈਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ (ਡਾਕਟਰ) ਨਾਲ ਗੱਲ ਕਰੋ।

## ਕੀ ਮੇਰੇ ਵਿੱਚ ਸਾਈਡ ਇਫੈਕਟਸ (ਬੁਰੇ ਅਸਰ) ਹੋਣਗੇ?

ਕਿਸੇ ਵੀ ਹੋਰ ਵੈਕਸੀਨ ਵਾਂਗ, ਕੁੱਝ ਲੋਕਾਂ ਨੂੰ ਇਸ ਤੋਂ ਹਲਕੇ ਸਾਈਡ ਇਫੈਕਟਸ (ਬੁਰੇ ਅਸਰ) ਅਤੇ ਪ੍ਰਤੀਕਰਮ ਹੋ ਸਕਦੇ ਹਨ ਜਿਹੜੇ ਕੁੱਝ ਘੰਟਿਆਂ ਤੋਂ ਲੈ ਕੇ ਕੁੱਝ ਦਿਨਾਂ ਦੇ ਵਿੱਚ ਵਿੱਚ ਖਤਮ ਹੋ ਜਾਂਦੇ ਹਨ। ਇਹ ਸਾਈਡ ਇਫੈਕਟਸ (ਬੁਰੇ ਅਸਰ) ਸਰੀਰ ਵੱਲੋਂ ਵੈਕਸੀਨ ਲੱਗਣ ਤੋਂ ਬਾਅਦ ਕੋਵਿਡ-19 ਤੋਂ ਬਚਾਅ ਪੈਦਾ ਕਰਨ ਦੇ ਯਤਨਾਂ ਦਾ ਹਿੱਸਾ ਹਨ। ਜ਼ਿਆਦਾ ਤੌਰ `ਤੇ ਆਮ ਹੋਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰਾਂ) ਵਿੱਚ ਸ਼ਾਮਲ ਹਨ: ਰੰਗ ਵਿੱਚ ਤਬਦੀਲੀ ਹੋਣ (ਜਿਵੇਂ ਲਾਲ ਜਾਂ ਜਾਮਣੀ ਰੰਗ ਹੋ ਜਾਣ) ਦੇ ਨਾਲ ਨਾਲ ਟੀਕਾ ਲਵਾਉਣ ਵਾਲੀ ਬਾਂਹ ਦਾ ਦੁੱਖਣਾ ਜਾਂ ਉਸ `ਤੇ ਸੋਜ਼ ਪੈ ਜਾਣਾ, ਥਕੇਵਾਂ ਹੋਣਾ, ਸਿਰ ਦੁੱਖਣਾ, ਪੱਠਿਆਂ ਅਤੇ ਜੋੜਾਂ ਵਿੱਚ ਦਰਦ ਹੋਣਾ, ਠੰਢ ਲੱਗਣਾ ਜਾਂ ਹਲਕਾ ਬੁਖਾਰ ਹੋ ਜਾਣਾ।

ਜੇ ਤੁਹਾਨੂੰ ਅਜਿਹੇ ਸਾਈਡ ਇਫੈਕਟਸ (ਬੁਰੇ ਅਸਰ) ਹੋ ਜਾਣ ਜਿਹਨਾਂ ਬਾਰੇ ਤੁਹਾਨੂੰ ਚਿੰਤਾ ਹੋਵੇ ਜਾਂ ਸਾਈਡ ਇਫੈਕਟਸ (ਬੁਰੇ ਅਸਰ) ਕੁੱਝ ਦਿਨਾਂ ਬਾਅਦ ਵੀ ਨਾ ਹਟਣ, ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ (ਡਾਕਟਰ) ਨਾਲ ਸੰਪਰਕ ਕਰੋ।

## ਕੀ ਕੋਵਿਡ-19 ਦੇ ਵੈਕਸੀਨ ਸੁਰੱਖਿਅਤ ਹਨ?

ਹਾਂ। ਹੈਲਥ ਕੈਨੇਡਾ ਦਾ ਸਾਇੰਟਫਿਕ ਰਿਵੀਊ ਸਿਸਟਮ (ਰਿਵੀਊ ਕਰਨ ਦਾ ਵਿਗਿਆਨਕ ਸਿਸਟਮ) ਦੁਨੀਆ ਦੇ ਸਖਤ ਰਿਵੀਊ ਸਿਸਟਮਾਂ ਵਿੱਚੋਂ ਇਕ ਹੈ, ਅਤੇ ਹੈਲਥ ਕੈਨੇਡਾ ਕਿਸੇ ਵੈਕਸੀਨ ਨੂੰ ਤਾਂ ਹੀ ਮਾਨਤਾ ਦਿੰਦੀ ਹੈ, ਜੇ ਉਹ ਸੁਰੱਖਿਅਤ ਹੋਵੇ, ਕੰਮ ਕਰਦਾ ਹੋਵੇ ਅਤੇ ਉਤਪਾਦਨ ਅਤੇ ਕੁਆਲਟੀ ਦੇ ਉੱਚੇ ਮਿਆਰਾਂ `ਤੇ ਪੂਰਾ ਉਤਰਦਾ ਹੋਵੇ।

ਓਨਟਾਰੀਓ ਵਿੱਚ ਸਿਰਫ ਉਹ ਹੀ ਵੈਕਸੀਨ ਲਾਏ ਜਾਂਦੇ ਹਨ ਜਿਹਨਾਂ ਨੂੰ ਹੈਲਥ ਕੈਨੇਡਾ ਨੇ ਮਾਨਤਾ ਦਿੱਤੀ ਹੈ।

Health Canada's website `ਤੇ ਜਾ ਕੇ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਵੋ।

## ਕੀ ਮੈਨੂੰ ਉਹਨਾਂ ਵੈਕਸੀਨਾਂ ਬਾਰੇ ਚਿੰਤਾ ਕਰਨੀ ਚਾਹੀਦੀ ਹੈ, ਜਿਹੜੇ ਏਨੀ ਛੇਤੀ ਤਿਆਰ ਕੀਤੇ ਗਏ ਸਨ?

ਨਹੀਂ। ਓਨਟਾਰੀਓ ਵਿੱਚ ਸਿਰਫ ਉਹ ਹੀ ਵੈਕਸੀਨ ਲਾਏ ਜਾਣਗੇ, ਜਿਹਨਾਂ ਨੂੰ ਹੈਲਥ ਕੈਨੇਡਾ ਨੇ ਮਾਨਤਾ ਦਿੱਤੀ ਹੈ ਅਤੇ ਸੁਰੱਖਿਅਤ ਅਤੇ ਕਾਰਗਰ ਮੰਨਿਆ ਹੈ।

ਦੂਜੇ ਵੈਕਸੀਨਾਂ ਦੇ ਮਕਾਬਲੇ ਇਹ ਵੈਕਸੀਨ ਇਸ ਕਰਕੇ ਤੇਜ਼ੀ ਨਾਲ ਤਿਆਰ ਹੋਏ ਸਨ ਕਿਉਂਕਿ ਦੁਨੀਆ ਵਿੱਚ ਇਸ ਤੋਂ ਪਹਿਲਾਂ ਵੈਕਸੀਨ ਤਿਆਰ ਕਰਨ ਵਿੱਚ ਕਦੇ ਵੀ ਇਸ ਤਰ੍ਹਾਂ ਰਲ ਕੇ ਕੰਮ ਨਹੀਂ ਕੀਤਾ ਗਿਆ ਸੀ ਅਤੇ ਨਾ ਹੀ ਇੰਨੇ ਪੈਸੇ ਲਾਏ ਗਏ ਸਨ।

ਇਸ ਦੇ ਨਾਲ ਹੀ ਖੋਜੀ ਐੱਮ ਆਰ ਐੱਨ ਏ ਵੈਕਸੀਨਾਂ `ਤੇ 10 ਸਾਲਾਂ ਤੋਂ ਵੱਧ ਸਮੇਂ ਤੋਂ ਖੋਜ ਅਤੇ ਕੰਮ ਕਰ ਰਹੇ ਸਨ, ਜਿਸ ਕਰਕੇ ਕੋਵਿਡ-19 ਦੇ ਵੈਕਸੀਨ ਤਿਆਰ ਕਰਨ ਲਈ ਐੱਮ ਆਰ ਐੱਨ ਏ ਤਕਨੌਲੋਜੀ ਇੰਨੀ ਤੇਜ਼ੀ ਨਾਲ ਵਰਤੀ ਜਾ ਸਕੀ ਸੀ।

ਭਾਵੇਂ ਕੋਵਿਡ-19 ਦੇ ਵੈਕਸੀਨ ਤੇਜ਼ੀ ਨਾਲ ਤਿਆਰ ਹੋਏ ਸਨ, ਪਰ ਇਹ ਯਕੀਨੀ ਬਣਾਉਣ ਲਈ ਕਿ ਉਹ ਸੁਰੱਖਿਅਤ ਅਤੇ ਕਾਰਗਰ ਹੋਣ, ਸਾਰੇ ਕਦਮਾਂ ਦੀ ਪਾਲਣਾ ਕੀਤੀ ਗਈ ਸੀ।

## ਵੈਕਸੀਨ ਨੂੰ ਮਾਨਤਾ ਦੇਣ ਦਾ ਅਮਲ ਕਿਸ ਤਰ੍ਹਾਂ ਦਾ ਸੀ?

ਪੂਰੀ ਦੁਨੀਆ ਵਿੱਚ ਕੋਵਿਡ-19 ਦੇ ਵੈਕਸੀਨ ਤਿਆਰ ਕਰਨ ਲਈ ਬਹੁਤ ਸਾਰੇ ਵਸੀਲੇ ਵਰਤੇ ਗਏ ਸਨ, ਜਿਹਨਾਂ ਨੇ ਵੈਕਸੀਨ ਨੂੰ ਮਾਨਤਾ ਦੇਣ ਦੇ ਅਮਲ ਨੂੰ ਕੁਸ਼ਲਤਾ ਅਤੇ ਕਾਰਗਰਤਾ ਨਾਲ ਅੱਗੇ ਵਧਾਉਣ ਵਿੱਚ ਮਦਦ ਕੀਤੀ। ਇਸ ਵਿੱਚ ਖੋਜ ਦੇ ਮੌਜੂਦਾ ਪ੍ਰੋਗਰਾਮਾਂ ਨੂੰ ਅਪਨਾਉਣਾ, ਵਿਗਿਆਨੀਆਂ ਅਤੇ ਸਰਕਾਰਾਂ ਵਿੱਚਕਾਰ ਅੰਤਰਰਾਸ਼ਟਰੀ ਪੱਧਰ `ਤੇ ਸਹਿਯੋਗ, ਜ਼ਿਆਦਾ ਸਮਰਪਤ ਫੰਡਿੰਗ, ਕਲਿਨੀਕਲ ਟ੍ਰਾਇਲ ਵਿੱਚ ਹਿੱਸਾ ਲੈਣ ਵਾਲਿਆਂ ਦੀ ਤੇਜ਼ੀ ਨਾਲ ਭਰਤੀ, ਅਤੇ ਵੈਕਸੀਨਾਂ ਦੀ ਕਾਰਗਰਤਾ ਦਰਸਾਉਣ ਲਈ ਕਲਿਨੀਕਲ ਟ੍ਰਾਇਲਾਂ ਦੀ ਤੇਜ਼ੀ ਨਾਲ ਸਥਾਪਨਾ ਸ਼ਾਮਲ ਹੈ। ਕੈਨੇਡਾ ਦੇ ਉੱਤਮ  ਅਤੇ ਆਜ਼ਾਦ ਵਿਗਿਆਨੀਆਂ ਨੇ ਇਹ ਮਾਨਤਾ ਦੇਣ ਲਈ ਸਾਰੀ ਜਾਣਕਾਰੀ `ਤੇ ਗੌਰ ਕੀਤਾ ਸੀ ਕਿ ਵੈਕਸੀਨ ਕੈਨੇਡੀਅਨ ਲੋਕਾਂ ਲਈ ਸੁਰੱਖਿਅਤ ਅਤੇ ਕਾਰਗਰ ਹਨ। ਇਹਨਾਂ ਵੈਕਸੀਨਾਂ ਨੂੰ ਮਾਨਤਾ ਦੇਣ ਲਈ ਸੁਰੱਖਿਆ ਦੀ ਸਾਰੇ ਕਦਮਾਂ ਦੀ ਪਾਲਣਾ ਕੀਤੀ ਗਈ ਸੀ।

ਹੈਲਥ ਕੈਨੇਡਾ ਦੇ ਵੈੱਬਸਾਈਟ ਤੋਂ ਰਿਵੀਊ ਕਰਨ ਅਤੇ ਮਾਨਤਾ ਦੇਣ ਦੇ ਅਮਲ ਬਾਰੇ ਹੋਰ ਜਾਣਕਾਰੀ ਲਵੋ।

## ਵੈਕਸੀਨ ਦੇ ਲੰਮੇ ਸਮੇਂ ਤੱਕ ਰਹਿਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰ) ਕਿਹੜੇ ਹਨ?

ਲੰਮੇ ਸਮੇਂ ਤੱਕ ਰਹਿਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰਾਂ) ਬਾਰੇ ਚੱਲ ਰਹੇ ਅਧਿਐਨਾਂ ਤੋਂ ਹੁਣ ਤੱਕ ਕੋਈ ਗੰਭੀਰ ਸਾਈਡ ਇਫੈਕਟਸ (ਬੁਰੇ ਅਸਰ) ਹੋਣ ਬਾਰੇ ਜਾਣਕਾਰੀ ਨਹੀਂ ਮਿਲੀ। ਲੰਮੇ ਸਮੇਂ ਤੱਕ ਰਹਿਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰਾਂ) ਬਾਰੇ ਜਾਣਨ ਲਈ ਅਧਿਐਨਾਂ ਵਿੱਚ ਸ਼ਾਮਲ ਵੈਕਸੀਨ ਲਗਵਾਉਣ ਵਾਲੇ ਲੋਕਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।

ਟੀਕਾ ਲਗਵਾਉਣ ਤੋਂ ਬਾਅਦ ਵਾਪਰਨ ਵਾਲੀਆਂ ਬੁਰੀਆਂ ਘਟਨਾਵਾਂ (ਐਡਵਰਸ ਈਵੈਂਟਸ ਫੌਲੋਇੰਗ ਇਮੂਨਾਈਜੇਸ਼ਨ-ਏ ਈ ਐੱਫ ਆਈਜ਼) ਬਾਰੇ ਹੋਰ ਜਾਣਕਾਰੀ ਲੈਣ ਲਈ ਜਾਂ ਕਿਸੇ ਅਜਿਹੀ ਘਟਨਾ ਬਾਰੇ ਜਾਣਕਾਰੀ ਦੇਣ ਲਈ Public Heath Ontario's vaccine safety web page `ਤੇ ਜਾਉ।

## ਕੀ ਦੂਜੇ ਟੀਕੇ ਜਾਂ ਬੂਸਟਰ ਦੇ ਤੌਰ `ਤੇ ਲੱਗਣ ਵਾਲੇ ਟੀਕੇ ਤੋਂ ਬਾਅਦ ਹੋਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰ) ਪਹਿਲਾ ਟੀਕਾ ਲੱਗਣ ਤੋਂ ਬਾਅਦ ਹੋਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰਾਂ) ਤੋਂ ਜ਼ਿਆਦਾ ਖਰਾਬ ਹੁੰਦੇ ਹਨ?  ?

ਹੋ ਸਕਦਾ ਹੈ ਕਿ ਕੁੱਝ ਲੋਕਾਂ ਵਿੱਚ ਵੈਕਸੀਨ ਦਾ ਦੂਜਾ ਟੀਕਾ ਲਗਵਾਉਣ ਤੋਂ ਬਾਅਦ ਜ਼ਿਆਦਾ ਤੇਜ਼ ਸਾਈਡ ਇਫੈਕਟਸ (ਬੁਰੇ ਅਸਰ)  ਹੋਣ। ਕਿਉਂਕਿ ਸਾਈਡ ਇਫੈਕਟਸ (ਬੁਰੇ ਅਸਰ) ਬੀਮਾਰੀਆਂ ਨਾਲ ਲੜਨ ਵਾਲੇ ਤੁਹਾਡੇ ਸਿਸਟਮ ਵੱਲੋਂ ਬਚਾਅ

ਪੈਦਾ ਕਰਨ ਦੇ ਨਤੀਜੇ ਕਾਰਨ ਹੁੰਦੇ ਹਨ, ਇਸ ਲਈ ਜਦੋਂ ਤੁਹਾਡਾ ਬੀਮਾਰੀਆਂ ਨਾਲ ਲੜਨ ਵਾਲਾ ਸਿਸਟਮ ਪਹਿਲੇ ਟੀਕੇ ਨਾਲ ਪ੍ਰਾਈਮ (ਤਿਆਰ) ਹੋ ਜਾਵੇ ਤਾਂ ਦੂਜੇ ਟੀਕੇ ਕਾਰਨ ਬਚਾਅ ਦਾ ਪ੍ਰਤੀਕਰਮ ਜ਼ਿਆਦਾ ਤੇਜ਼ ਹੁੰਦਾ ਹੈ। ਇਹ ਚੰਗੀ ਗੱਲ ਹੈ ਅਤੇ ਇਹ ਦਰਸਾਉਂਦਾ ਹੈ ਕਿ ਵੈਕਸੀਨ ਆਪਣਾ ਕੰਮ ਕਰ ਰਿਹਾ ਹੈ!

ਬੂਸਟਰ ਦੇ ਤੌਰ 'ਤੇ ਲਗਵਾਏ ਜਾਣ ਵਾਲੇ ਟੀਕਿਆਂ ਤੋਂ ਬਾਅਦ ਹੋਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰ) ਪਹਿਲੇ ਅਤੇ ਦੂਸਰੇ ਟੀਕੇ ਵਰਗੇ ਹੀ ਹੁੰਦੇ ਹਨ। ਆਮ ਹੋਣ ਵਾਲੇ ਸਾਈਡ ਇਫੈਕਟਸ (ਬੁਰੇ ਅਸਰ) ਵੈਕਸੀਨ ਲਗਵਾਉਣ ਤੋਂ ਬਾਅਦ ਕੁੱਝ ਘੰਟਿਆਂ ਜਾਂ ਦੋ ਕੁ ਦਿਨਾਂ ਲਈ ਰਹਿ ਸਕਦੇ ਹਨ ਅਤੇ ਉਹਨਾਂ ਵਿੱਚ ਇਹ ਸਾਈਡ ਇਫੈਕਟਸ (ਬੁਰੇ ਅਸਰ) ਸ਼ਾਮਲ ਹੋ ਸਕਦੇ ਹਨ: ਰੰਗ ਵਿੱਚ ਤਬਦੀਲੀ ਹੋਣ (ਜਿਵੇਂ ਲਾਲ ਜਾਂ ਜਾਮਣੀ ਰੰਗ ਹੋ ਜਾਣ) ਦੇ ਨਾਲ ਨਾਲ ਟੀਕਾ ਲਗਵਾਉਣ ਵਾਲੀ ਬਾਂਹ ਦਾ ਦੁੱਖਣਾ ਜਾਂ ਉਸ 'ਤੇ ਸੋਜ਼ ਪੈ ਜਾਣਾ, ਥਕੇਵਾਂ ਹੋਣਾ, ਸਿਰ ਦੁੱਖਣਾ, ਪੱਠਿਆਂ ਅਤੇ ਜੋੜਾਂ ਵਿੱਚ ਦਰਦ ਹੋਣਾ, ਠੰਢ ਲੱਗਣਾ ਜਾਂ ਹਲਕਾ ਬੁਖਾਰ ਹੋ ਜਾਣਾ।

## ਕੀ ਮੈਨੂੰ ਵੈਕਸੀਨ ਨਾਲ ਕੋਵਿਡ-19 ਹੋ ਸਕਦਾ ਹੈ?

ਨਹੀਂ, ਵੈਕਸੀਨ ਤੋਂ ਤੁਹਾਨੂੰ ਕੋਵਿਡ-19 ਜਾਂ ਛੂਤ ਵਾਲੀ ਕੋਈ ਹੋਰ ਬੀਮਾਰੀ ਨਹੀਂ ਹੋ ਸਕਦੀ। ਹੈਲਥ ਕੈਨੇਡਾ ਵੱਲੋਂ ਪ੍ਰਵਾਨ ਕੀਤੇ ਗਏ ਵੈਕਸੀਨਾਂ ਵਿੱਚੋਂ ਕੋਈ ਵੀ ਵੈਕਸੀਨ ਜ਼ਿੰਦਾ (ਲਾਈਵ) ਵੈਕਸੀਨ ਨਹੀਂ ਹੈ, ਇਸ ਦਾ ਮਤਲਬ ਹੈ ਕਿ ਉਹਨਾਂ ਵਿੱਚ ਕੋਵਿਡ-19 ਦੀ ਬੀਮਾਰੀ ਲਾਉਣ ਵਾਲਾ ਵਾਇਰਸ ਨਹੀਂ ਹੁੰਦਾ।

## ਕੀ ਮੈਨੂੰ ਵੈਕਸੀਨ ਲਗਵਾਉਣ ਤੋਂ ਬਾਅਦ ਵੀ ਕੋਵਿਡ-19 ਹੋ ਸਕਦਾ ਹੈ?

ਵੈਕਸੀਨ ਕੋਵਿਡ-19 ਹੋਣ ਦਾ ਖਤਰਾ ਘਟਾਉਂਦਾ ਹੈ, ਪਰ ਦੂਸਰੇ ਵੈਕਸੀਨਾਂ ਵਾਂਗ, ਤੁਸੀਂ ਇਸ ਨਾਲ ਇਨਫੈਕਸ਼ਨ ਹੋਣ ਦੇ ਖਤਰੇ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕਦੇ, ਖਾਸ ਤੌਰ 'ਤੇ ਜਦੋਂ ਕਮਿਊਨਿਟੀ ਵਿੱਚ ਇਸ ਵਾਇਰਸ ਦੀ ਲਾਗ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਨੂੰ ਲਗਾਤਾਰ ਲੱਗ ਰਹੀ ਹੋਵੇ।

ਵੈਕਸੀਨ ਲਗਵਾਉਣ ਨਾਲ ਤੁਹਾਨੂੰ ਗੰਭੀਰ ਬੀਮਾਰੀ ਹੋਣ ਦਾ ਅਤੇ ਤੁਹਾਡੇ ਵੱਲੋਂ ਹਸਪਤਾਲ ਵਿੱਚ ਦਾਖਲ ਹੋਣ ਦਾ ਖਤਰਾ ਅਤੇ ਤੁਹਾਡੀ ਮੌਤ ਹੋਣ ਦਾ ਖਤਰਾ ਕਾਫੀ ਜ਼ਿਆਦਾ ਘੱਟ ਜਾਂਦਾ ਹੈ, ਅਤੇ ਇਹ ਆਪਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਕੋਵਿਡ-19 ਕਾਰਨ ਹੋਣ ਵਾਲੀ ਗੰਭੀਰ ਬੀਮਾਰੀ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ।

## ਕੀ ਕੋਵਿਡ-19 ਮੇਰੀ ਜਣਨ-ਸ਼ਕਤੀ 'ਤੇ ਅਸਰ ਕਰੇਗਾ? ਜੇ ਮੈਂ ਇਸ ਸਮੇਂ ਗਰਭਵਤੀ ਹੋਵਾਂ ਤਾਂ?

ਇਸ ਸਮੇਂ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਕੋਵਿਡ-19 ਬਾਂਝਪੁਣਾ ਪੈਦਾ ਕਰਦਾ ਹੈ।

ਅਸਲ ਵਿੱਚ ਗਰਭਵਤੀ ਹੋਣ ਤੋਂ ਪਹਿਲਾਂ ਜਾਂ ਗਰਭਵਤੀ ਹੋਣ ਸਮੇਂ ਕੋਵਿਡ-19 ਵੈਕਸੀਨ ਦੇ ਸਾਰੇ ਸਿਫਾਰਿਸ਼ ਕੀਤੇ ਟੀਕੇ ਲਗਵਾਉਣ ਨਾਲ ਗਰਭ ਦੌਰਾਨ ਤੁਹਾਡਾ ਅਤੇ ਤੁਹਾਡੇ ਹੋਣ ਵਾਲੇ ਬੱਚੇ ਦਾ ਕੋਵਿਡ-19 ਹੋਣ ਦੇ ਖਤਰੇ ਤੋਂ ਬਚਾਅ ਹੋਵੇਗਾ।

## ਕੀ ਕੋਵਿਡ-19 ਵੈਕਸੀਨ ਗਰਭਵਤੀ ਔਰਤਾਂ, ਬੱਚੇ ਨੂੰ ਦੁੱਧ ਚੁੰਘਾ ਰਹੀਆਂ ਔਰਤਾਂ ਜਾਂ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੀਆਂ ਔਰਤਾਂ ਲਈ ਸੁਰੱਖਿਅਤ ਹੈ? ?

ਹਾਂ। ਤੁਸੀਂ ਗਰਭਵਤੀ ਹੋਣ ਤੋਂ ਪਹਿਲਾਂ ਜਾਂ ਗਰਭ ਦੇ ਕਿਸੇ ਵੀ ਪੜਾਅ 'ਤੇ ਸੁਰੱਖਿਅਤ ਤੌਰ 'ਤੇ ਕੋਵਿਡ-19 ਦਾ ਵੈਕਸੀਨ ਲਗਵਾ ਸਕਦੇ ਹੋ। ਗਰਭਵਤੀ, ਬੱਚੇ ਨੂੰ ਦੁੱਧ ਚੁੰਘਾ ਰਹੀਆਂ ਜਾਂ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੀਆਂ ਔਰਤਾਂ ਲਈ ਵੈਕਸੀਨ ਲਗਵਾਉਣਾ ਸੁਰੱਖਿਅਤ ਅਤੇ ਬਹੁਤ ਜ਼ਿਆਦਾ ਕਾਰਗਰ ਹੈ ਅਤੇ ਪ੍ਰੋਵਿੰਸ਼ਿਅਲ ਕਾਊਂਸਲ ਫਾਰ ਮੈਟਰਨਲ ਐਂਡ ਚਾਈਲਡ ਹੈਲਥ (ਪੀ ਸੀ ਐੱਮ ਸੀ ਐੱਚ), ਓਨਟਾਰੀਓ ਸੁਸਾਇਟੀ ਆਫ ਓਬਸਟ੍ਰੀਸ਼ੀਅਨਜ਼ ਐਂਡ ਗਾਇਨੇਕੌਲੌਜਿਸਟਸ (ਓ ਐੱਸ ਓ ਜੀ), ਸੁਸਾਇਟੀ ਆਫ ਓਬਸਟ੍ਰੀਸ਼ੀਅਨਜ਼, ਸੁਸਾਇਟੀ ਆਫ ਗਾਇਨੇਕੌਲੌਜਿਸਟਸ ਆਫ ਕੈਨੇਡਾ (ਓ ਐੱਸ ਜੀ ਸੀ), ਨੈਸ਼ਨਲ ਐਡਵਾਇਜ਼ਰੀ ਕਮੇਟੀ ਔਨ ਇਮੂਨਾਈਜੇਸ਼ਨ (ਐੱਨ ਏ ਸੀ ਆਈ) ਅਤੇ ਕਈ ਹੋਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਇਸ ਨੂੰ ਲਗਵਾਉਣ ਦੀ ਜ਼ੋਰਦਾਰ ਸਿਫਾਰਿਸ਼ ਕੀਤੀ ਜਾਂਦੀ ਹੈ।

ਗਰਭ ਦੌਰਾਨ ਪੈਦਾ ਹੋਣ ਵਾਲੀਆਂ ਸੰਭਾਵੀ ਗੁੰਝਲਾਂ ਦੀ ਰੋਕਥਾਮ ਲਈ ਵੈਕਸੀਨ ਲਗਵਾਉਣ ਦੇ ਫਾਇਦੇ ਖਤਰਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹਨ। ਜੇ ਤੁਹਾਨੂੰ ਗਰਭਵਤੀ ਹੋਣ ਦੌਰਾਨ ਕੋਵਿਡ-19 ਹੋ ਜਾਂਦਾ ਹੈ ਤਾਂ ਤੁਹਾਨੂੰ ਕੋਵਿਡ-19 ਤੋਂ ਪੌਜ਼ੇਟਿਵ ਪਰ ਗਰਭਵਤੀ ਨਾ ਹੋਣ ਵਾਲੇ ਲੋਕਾਂ ਦੇ ਮੁਕਾਬਲੇ ਹਸਪਤਾਲ ਵਿੱਚ ਦਾਖਲ ਹੋਣ, ਇਨਟੈਨਸਿਵ ਕੇਅਰ ਯੂਨਿਟ ਵਿੱਚ ਦਾਖਲ ਹੋਣ ਅਤੇ ਲਾਈਫ ਸੁਪੋਰਟ 'ਤੇ ਜਾਣ ਦਾ ਜ਼ਿਆਦਾ ਖਤਰਾ ਹੈ।

ਵੈਕਸੀਨ ਤੁਹਾਨੂੰ ਸਿਰਫ ਕੋਵਿਡ-19 ਦੀ ਇਨਫੈਕਸ਼ਨ ਤੋਂ ਹੀ ਨਹੀਂ ਬਚਾਏਗਾ ਸਗੋਂ ਇਹ ਗਰਭ ਦੌਰਾਨ ਤੁਹਾਨੂੰ ਕੋਵਿਡ-19 ਨਾਲ ਸੰਬੰਧਿਤ ਗੰਭੀਰ ਬੀਮਾਰੀ ਹੋਣ ਅਤੇ ਹੋਰ ਸਮੱਸਿਆਵਾਂ ਹੋਣ ਤੋਂ ਵੀ ਤੁਹਾਡਾ ਬਚਾਅ ਕਰੇਗਾ। ਅਧਿਐਨ ਸੁਝਾਉਂਦੇ ਹਨ ਕਿ ਵੈਕਸੀਨ ਲਗਵਾਉਣ ਤੋਂ ਬਾਅਦ ਤੁਹਾਡਾ ਸਰੀਰ ਜਿਹੜੇ ਐਂਟੀਬੌਡੀਜ਼ ਬਣਾਏਗਾ, ਉਹ ਪਲੈਸੈਨਟਾ (ਔਲ) ਅਤੇ/ਜਾਂ ਤੁਹਾਡੇ ਦੁੱਧ ਰਾਹੀਂ ਤੁਹਾਡੇ ਬੱਚੇ ਤੱਕ ਪਹੁੰਚ ਜਾਣਗੇ, ਜਿਹੜੇ ਕੋਵਿਡ-19 ਤੋਂ ਤੁਹਾਡਾ ਇਕੱਲਿਆਂ ਦਾ ਬਚਾਅ ਹੀ ਨਹੀਂ ਕਰਨਗੇ ਸਗੋਂ ਉਹ ਜਨਮ ਤੋਂ ਬਾਅਦ ਤੁਹਾਡੇ ਬੱਚੇ ਦਾ ਵੀ ਕੋਵਿਡ-19 ਤੋਂ ਜ਼ਿਆਦਾ ਬਚਾਅ ਕਰਨਗੇ।

ਹੋਰ ਜਾਣਕਾਰੀ ਲਈ ontario.ca/covidvaccinepregnancy 'ਤੇ ਜਾਉ।

## ਮੇਰੇ ਬੱਚੇ ਨੂੰ ਵੈਕਸੀਨ ਕਿਉਂ ਲਗਵਾਉਣਾ ਚਾਹੀਦਾ ਹੈ? ਕੀ ਬੱਚਿਆ ਵਿੱਚ ਕੋਵਿਡ-19 ਹਲਕਾ ਨਹੀਂ ਹੁੰਦਾ?

ਬੇਸ਼ੱਕ ਕੋਵਿਡ-19 ਦੀ ਲਾਗ ਲੱਗਣ ਵਾਲੇ ਬੱਚਿਆਂ ਵਿੱਚ ਆਮ ਤੌਰ 'ਤੇ ਕੋਵਿਡ-19 ਦੇ ਹਲਕੇ ਲੱਛਣ ਹੁੰਦੇ ਹਨ, ਪਰ ਕਈ ਬੱਚੇ ਬਹੁਤ ਜ਼ਿਆਦਾ ਬੀਮਾਰ ਹੋ ਸਕਦੇ ਹਨ, ਜਿਸ ਦੇ ਨਤੀਜੇ ਵਜੋਂ ਉਹਨਾਂ ਨੂੰ ਹਸਪਤਾਲ ਅਤੇ ਆਈ ਸੀ ਯੂ ਵਿੱਚ ਦਾਖਲ ਹੋਣਾ ਪੈ ਸਕਦਾ ਹੈ ਜਾਂ ਇੱਥੋਂ ਤੱਕ ਕਿ ਉਹਨਾਂ ਦੀ ਮੌਤ ਵੀ ਹੋ ਸਕਦੀ ਹੈ। ਹੋਰਨਾਂ ਵਿੱਚ ਗੰਭੀਰ ਅਤੇ ਲੰਮਾਂ ਸਮਾਂ ਰਹਿਣ ਵਾਲੇ ਲੱਛਣ ਹੋ ਸਕਦੇ ਹਨ (ਜਿਵੇਂ ਲੌਂਗ ਕੋਵਿਡ-19, ਪੋਸਟ ਐਕਿਊਟ ਕੋਵਿਡ-19 ਸਿੰਡਰੋਮ)। ਖਾਸ ਕਰਕੇ ਇਹ ਉਹਨਾਂ ਬੱਚਿਆਂ ਲਈ ਸੱਚਾਈ ਹੈ ਜਿਹਨਾਂ ਦਾ ਬੀਮਾਰੀਆਂ ਨਾਲ

ਲੜਨ ਵਾਲਾ ਸਿਸਟਮ ਕਮਜ਼ੋਰ ਹੁੰਦਾ ਹੈ ਜਾਂ ਜਿਹਨਾਂ ਵਿੱਚ ਸਿਹਤ ਦੀਆਂ ਹੋਰ ਸਮੱਸਿਆਵਾਂ ਹੁੰਦੀਆਂ ਹਨ।

ਬੱਚਿਆਂ ਅਤੇ ਜਵਾਨਾਂ ਦੇ ਵੈਕਸੀਨ ਲਗਵਾਉਣ ਨਾਲ ਉਹਨਾਂ ਨੂੰ ਵਾਇਰਸ ਕਾਰਨ ਗੰਭੀਰ ਬੀਮਾਰ ਹੋਣ, ਹਸਪਤਾਲ ਵਿੱਚ ਦਾਖਲ ਹੋਣ ਅਤੇ ਮੌਤ ਹੋਣ ਤੋਂ ਤਕੜੇ ਪੱਧਰ ਦੀ ਸੁਰੱਖਿਆ ਮਿਲੇਗੀ। ਵੈਕਸੀਨ ਲਗਵਾਉਣ ਨਾਲ ਪਰਿਵਾਰ ਦੇ ਦੂਸਰੇ ਮੈਂਬਰਾਂ ਦਾ ਬਚਾਅ ਕਰਨ ਵਿੱਚ ਵੀ ਮਦਦ ਮਿਲਦੀ ਹੈ, ਉਦਾਹਰਨ ਲਈ ਉਹਨਾਂ ਲੋਕਾਂ ਨੂੰ ਜਿਹੜੇ ਅਜੇ ਵੈਕਸੀਨ ਨਹੀਂ ਲਵਾ ਸਕਦੇ ਜਾਂ ਵੱਡੀ ਉਮਰ ਦੇ ਜ਼ਿਆਦਾ ਕਮਜ਼ੋਰ ਲੋਕਾਂ ਨੂੰ।

ਹੈਲਥ ਕੈਨੇਡਾ ਨੇ ਪੰਜ ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਬੱਚਿਆਂ ਦੇ ਫਾਈਜ਼ਰ ਦਾ ਵੈਕਸੀਨ ਲਗਵਾਉਣ ਦੀ ਅਤੇ ਛੇ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਦੇ ਮੌਡਰਨਾ ਦਾ ਵੈਕਸੀਨ ਲਗਵਾਉਣ ਦੀ ਮਾਨਤਾ ਦਿੱਤੀ ਹੈ।

ਪੰਜ ਅਤੇ ਵੱਧ ਉਮਰ ਦੇ ਬੱਚਿਆਂ ਨੂੰ ਕੋਵਿਡ-19 ਲਈ ਫਾਈਜ਼ਰ ਦਾ ਵੈਕਸੀਨ ਲਗਵਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਜਾਣਕਾਰੀ ਲੈ ਕੇ ਦਿੱਤੀ ਸਹਿਮਤੀ (ਇਨਫੌਰਮਡ ਕਨਸੈਂਟ), ਨਾਲ ਛੇ ਸਾਲ ਅਤੇ ਵੱਧ ਉਮਰ ਦੇ ਬੱਚੇ ਮੌਡਰਨਾ ਦਾ ਕੋਵਿਡ-19 ਦਾ ਵੈਕਸੀਨ ਲਗਵਾ ਸਕਦੇ ਹਨ। ਜਾਣਕਾਰੀ ਲੈ ਕੇ ਦਿੱਤੀ ਇਸ ਸਹਿਮਤੀ (ਇਨਫੌਰਮਡ ਕਨਸੈਂਟ) ਵਿੱਚ ਮਾਇਓਕਾਰਡਿਟਿਸ/ਪੈਰੀਕਾਰਡਿਟਿਸ ਦਾ ਸੰਭਾਵੀ ਜ਼ਿਆਦਾ ਖਤਰਾ ਹੋਣ ਦੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

ਕੈਨੇਡਾ ਅਤੇ ਅਮਰੀਕਾ ਵਿੱਚ ਲੱਖਾਂ ਬੱਚਿਆਂ ਦੇ ਕੋਵਿਡ-19 ਦੇ ਵੈਕਸੀਨ ਲਾਏ ਗਏ ਹਨ ਅਤੇ ਸਮੁੱਚੇ ਰੂਪ ਵਿੱਚ ਸੁਰੱਖਿਆ ਦੇ ਸੰਬੰਧ ਵਿੱਚ ਕੋਈ ਚਿੰਤਾਜਨਕ ਸੰਕੇਤਾਂ ਦਾ ਪਤਾ ਨਹੀਂ ਲੱਗਾ।

ਹੋਰ ਬੀਮਾਰੀਆਂ ਦੇ ਵੈਕਸੀਨਾਂ ਵਾਂਗ, ਤੁਹਾਡਾ ਬੱਚਾ ਉਦੋਂ ਸਭ ਤੋਂ ਜ਼ਿਆਦਾ ਸੁਰੱਖਿਅਤ ਹੁੰਦਾ ਹੈ ਜਦੋਂ ਉਹ ਵੈਕਸੀਨਾਂ ਬਾਰੇ ਅਪ-ਟੂ-ਡੇਟ ਰਹਿੰਦਾ ਹੈ। ਹੋਰ ਜਾਣਕਾਰੀ ਲਈ ontario.ca/covidvaccinekids `ਤੇ ਜਾਉ।

## ਕੀ ਵੈਕਸੀਨ ਵਿੱਚ ਮਾਈਕਰੋਚਿੱਪ ਹੈ?

ਨਹੀਂ।

## ਕੋਵਿਡ-19 ਦਾ ਵੈਕਸੀਨ ਫਲੂ ਦੇ ਵੈਕਸੀਨ ਤੋਂ ਕਿਸ ਤਰ੍ਹਾਂ ਵੱਖਰਾ ਹੈ?

ਕੋਵਿਡ-19 ਅਤੇ ਫਲੂ ਦੇ ਵੈਕਸੀਨਾਂ ਵਿੱਚ ਬਹੁਤ ਫਰਕ ਹੈ ਅਤੇ ਉਹਨਾਂ ਦਾ ਸਿੱਧਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਉਹ ਵੱਖਰੇ ਵੱਖਰੇ ਵਾਇਰਸਾਂ ਨੂੰ ਨਿਸ਼ਾਨਾ ਬਣਾਉਂਦੇ ਹਨ; ਫਲੂ ਦੇ ਵੈਕਸੀਨ ਇਕ ਵਾਰ ਇਨਫਲੂਇੰਜ਼ਾ ਦੀਆਂ ਕਈ ਕਿਸਮਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਜਦੋਂ ਕਿ ਕੋਵਿਡ-19 ਦਾ ਵੈਕਸੀਨ ਸਿਰਫ ਇਕ ਵਾਇਰਸ, ਸਾਰਜ਼-ਕੋਵ-2, ਨੂੰ ਨਿਸ਼ਾਨਾ ਬਣਾਉਂਦਾ ਹੈ।

ਫਲੂ ਅਤੇ ਕੋਵਿਡ-19 ਦੋਵਾਂ ਦੇ ਵੈਕਸੀਨ ਲਗਵਾਉਣੇ ਮਹੱਤਵਪੂਰਨ ਹਨ ਕਿਉਂਕਿ ਉਹ ਦੋਵੇਂ ਵੱਖ ਵੱਖ ਵਾਇਰਸਾਂ ਤੋਂ ਬਚਾਅ ਕਰਦੇ ਹਨ। ਕੋਵਿਡ-19 ਦੇ ਵੈਕਸੀਨ ਦੇ ਨਾਲ ਨਾਲ ਫਲੂ ਦਾ ਵੈਕਸੀਨ ਲਗਵਾਉਣਾ ਜਾਂ ਕੋਈ ਹੋਰ ਵੈਕਸੀਨ ਲਗਵਾਉਣਾ ਸੁਰੱਖਿਅਤ ਹੈ। ਕੋਵਿਡ-19 ਵੈਕਸੀਨ ਲਗਵਾਉਣ ਤੋਂ ਪਹਿਲਾਂ ਜਾਂ ਬਾਅਦ ਵਿੱਚ 14 ਦਿਨਾਂ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ।

## ਜੇ ਮੇਰੇ ਕੋਲ ਓਨਟਾਰੀਓ ਹੈਲਥ ਇਨਸ਼ੋਰੈਂਸ ਪਲੈਨ (ਓ ਐੱਚ ਆਈ ਪੀ) ਦਾ ਕਾਰਡ ਨਾ ਹੋਵੇ ਤਾਂ ਕੀ ਮੈਂ ਫਿਰ ਵੀ ਵੈਕਸੀਨ ਲਗਵਾਉਣ ਦੇ ਯੋਗ ਹਾਂ?

ਹਰ ਉਹ ਵਿਅਕਤੀ ਜੋ ਓਨਟਾਰੀਓ ਵਿੱਚ ਰਹਿੰਦਾ ਹੈ, ਪੜ੍ਹਦਾ ਹੈ ਜਾਂ ਕੰਮ ਕਰਦਾ ਹੈ ਜਾਂ ਜੋ ਓਨਟਾਰੀਓ ਵਿੱਚ ਸੈਰ ਲਈ ਆਉਂਦਾ ਹੈ, ਉਹ ਬਿਨਾਂ ਕਿਸੇ ਖਰਚੇ ਦੇ ਵੈਕਸੀਨ ਲਗਵਾਉਣ ਲਈ ਯੋਗ ਹੈ, ਉਸ ਦੇ ਸਿਟੀਜ਼ਨਸ਼ਿੱਪ ਜਾਂ ਇੰਮੀਗਰੇਸ਼ਨ ਦੇ ਦਰਜੇ (ਸਟੈਟਸ) ਨਾਲ ਕੋਈ ਫਰਕ ਨਹੀਂ ਪੈਂਦਾ।

ਵੈਕਸੀਨ ਲਗਵਾਉਣ ਲਈ ਤੁਹਾਡੇ ਕੋਲ ਓਨਟਾਰੀਓ ਦਾ ਹੈਲਥ ਕਾਰਡ ਹੋਣ ਦੀ ਲੋੜ ਨਹੀਂ। ਆਪਣਾ ਨਾਂ ਅਤੇ ਜਨਮ ਤਰੀਕ ਦੀ ਪੁਸ਼ਟੀ ਕਰਨ ਲਈ ਤੁਸੀਂ ਕੋਈ ਹੋਰ ਫੋਟੋ ਵਾਲਾ ਪਛਾਣ ਪੱਤਰ (ਆਈ ਡੀ) ਵਰਤ ਸਕਦੇ ਹੋ ਜਾਂ ਇਕ ਤੋਂ ਵੱਧ ਪਛਾਣ ਪੱਤਰ (ਆਈ ਡੀਜ਼) ਵਰਤ ਸਕਦੇ ਹੋ, ਜਿਵੇਂ ਡਰਾਈਵਰ ਲਾਇਸੰਸ, ਪਾਸਪੋਰਟ, ਰਜਿਸਟਰਡ ਡਾਕ ਰਾਹੀਂ ਆਈ ਕੋਈ ਚਿੱਠੀ, ਤਨਖਾਹ ਦੀ ਪਰਚੀ (ਪੇਅ ਸਟੱਬ), ਸਟੂਡੈਂਟ ਕਾਰਡ, ਕਿਸੇ ਹੋਰ ਥਾਂ ਦੀ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਪਛਾਣ ਪੱਤਰ। ਇਹਨਾਂ ਵਿੱਚ ਕਿਸੇ ਵਿਦੇਸ਼ੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਅਤੇ ਮਿਆਦ ਪੁੱਗੀ ਵਾਲੇ ਕਾਗਜ਼-ਪੱਤਰ ਸ਼ਾਮਲ ਹੋ ਸਕਦੇ ਹਨ।

ਜੇ ਤੁਹਾਡੇ ਕੋਲ ਹੈਲਥ ਕਾਰਡ ਨਹੀਂ ਹੈ ਅਤੇ ਤੁਹਾਡੀ ਪਬਲਿਕ ਹੈਲਥ ਯੂਨਿਟ ਪ੍ਰੋਵਿੰਸ਼ਿਅਲ ਵੈਕਸੀਨ ਕੌਨਟੈਕਟ ਸੈਂਟਰ (ਪੀ ਵੀ ਸੀ ਸੀ) ਦੀ ਵਰਤੋਂ ਕਰਦੀ ਹੈ, ਤਾਂ ਤੁਸੀਂ ਆਪਣੀ ਅਪੁਆਇੰਟਮੈਂਟ ਬਣਾਉਣ ਲਈ ਪੀ ਵੀ ਸੀ ਸੀ ਨੂੰ 1-833-943-3900 `ਤੇ ਫੋਨ ਕਰ ਸਕਦੇ ਹੋ। ਵੈਕਸੀਨ ਦੀ ਅਪੁਆਇੰਟਮੈਂਟ `ਤੇ ਤੁਹਾਨੂੰ ਕੋਈ ਫੋਟੋ ਵਾਲਾ ਪਛਾਣ-ਪੱਤਰ (ਆਈਡੈਂਟੀਫਿਕੇਸ਼ਨ) ਦਿਖਾਉਣ ਲਈ ਕਿਹਾ ਜਾਵੇਗਾ।

ਵੈਕਸੀਨ ਲਗਵਾਉਣ ਲਈ ਆਪਣੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਤੇ ਅਪੁਆਇੰਟਮੈਂਟ ਬਣਾਉਣ ਲਈ ਮਦਦ ਲੈਣ ਲਈ ਤੁਸੀਂ ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਵੀ ਸੰਪਰਕ ਕਰ ਸਕਦੇ ਹੋ। ਸਥਾਨਕ ਪਬਲਿਕ ਹੈਲਥ ਯੂਨਿਟ ਬਾਰੇ ਜਾਣਨ ਲਈ ਅਤੇ ਉਸ ਦਾ ਸੰਪਰਕ ਨੰਬਰ ਲੈਣ ਲਈ Ontario.ca/publichealth `ਤੇ ਜਾਉ।

## ਕੀ ਖੂਨ ਦਾਨ ਕਰਨ ਨਾਲ ਕੋਵਿਡ-19 ਵੈਕਸੀਨ ਦੀ ਕਾਰਗਰਤਾ ਘੱਟ ਜਾਵੇਗੀ?

ਨਹੀਂ, ਮੌਜੂਦਾ ਖੋਜ ਵਿੱਚ ਇਸ ਤਰ੍ਹਾਂ ਦਾ ਕੋਈ ਸੁਝਾਅ ਜਾਂ ਸਬੂਤ ਨਹੀਂ ਹੈ ਕਿ ਖੂਨ ਦਾਨ ਕਰਨ ਨਾਲ ਕੋਵਿਡ-19 ਦੇ ਵੈਕਸੀਨ ਦੀ ਕਾਰਗਰਤਾ ਘੱਟ ਜਾਵੇਗੀ।

ਖੂਨ ਦਾਨ ਕਰਨ ਨਾਲ ਸਰੀਰ ਵਿੱਚੋਂ ਵੈਕਸੀਨ ਨਹੀਂ ਨਿਕਲਦਾ ਅਤੇ ਵੈਕਸੀਨ ਕਾਰਨ ਸਰੀਰ ਵਿੱਚ ਬੀਮਾਰੀਆਂ ਨਾਲ ਲੜਨ ਵਾਲੇ ਪੈਦਾ ਹੋਏ ਮਹੱਤਵਪੂਰਨ ਸੈੱਲ ਅਤੇ ਐਂਟੀਬੌਡੀਜ਼ ਖਤਮ ਨਹੀਂ ਹੁੰਦੇ। ਹੋਰ ਜਾਣਕਾਰੀ ਲਈ Canadian Blood Services `ਤੇ ਜਾਉ।

**ਜੇ ਮੈਂ ਆਪਣੇ ਟੀਕਾ ਲਵਾਉਣ ਦੇ ਬਾਕਾਇਦਾ ਸਕੈਜੁਅਲ ਵਿੱਚ ਪਿੱਛੇ ਹੋਵਾਂ ਤਾਂ ਕੀ ਹੋਵੇਗਾ? ਕੀ ਮੈਂ ਤਾਂ ਵੀ ਕੋਵਿਡ-19 ਦਾ ਵੈਕਸੀਨ ਲਵਾ ਸਕਦਾ/ਸਕਦੀ ਹਾਂ?**

ਹਾਂ। ਅਸੀਂ ਉਹਨਾਂ ਲੋਕਾਂ ਨੂੰ ਅਪ-ਟੂ-ਡੇਟ ਜਾਣਕਾਰੀ ਲੈਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਸੰਪਰਕ ਕਰਨ ਲਈ ਵੀ ਉਤਸ਼ਾਹਿਤ ਕਰਦੇ ਹਾਂ, ਜੋ ਵੈਕਸੀਨ ਲਵਾਉਣ ਦੇ ਆਪਣੇ ਕਾਰਜ ਵਿੱਚ ਪਿੱਛੇ ਹਨ।

**ਅਪਾਹਜਤਾ ਜਾਂ ਪਹੁੰਚਯੋਗਤਾ ਦੇ ਸਰੋਕਾਰਾਂ ਵਾਲੇ ਲੋਕਾਂ ਲਈ ਕਿਹੜੇ ਵਸੀਲੇ ਉਪਲਬਧ ਹਨ?**

ਵੈਕਸੀਨ ਲਗਵਾਉਣ ਵਾਲੀਆਂ ਥਾਂਵਾਂ ਤੋਂ ਗਾਹਕਾਂ ਨੂੰ ਪਹੁੰਚਯੋਗ ਸੇਵਾਵਾਂ ਦੇਣ ਅਤੇ ਅਪਾਹਜਤਾ ਵਾਲੇ ਲੋਕਾਂ ਨਾਲ ਪਹੁੰਚਯੋਗ ਢੰਗ ਨਾਲ ਗੱਲਬਾਤ ਕਰਨ ਦੀ ਮੰਗ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਹੇਠ ਲਿਖੇ ਵਸੀਲੇ ਉਪਲਬਧ ਹਨ:

- ConnectABILITY.ca : **ਕੋਵਿਡ**-19 **ਦੇ ਵੈਕਸੀਨਾਂ, ਸੰਭਾਲ ਕਰਨ ਵਾਲਿਆਂ ਲਈ ਵਸੀਲਿਆਂ ਅਤੇ ਮਦਦਾਂ, ਭਰੋਸੇਯੋਗ ਸ੍ਰੋਤਾਂ ਤੋਂ ਵੀਡੀਓਜ਼ ਅਤੇ ਹੋਰ ਬਹੁਤ ਕੁੱਝ ਲਈ।**
- Health Care Access Research and Developmental Disabilities **ਦਾ ਵੈੱਬਸਾਈਟ** (www.hcarddcovid.com/info) **ਅਤੇ** vaccinesupport.ca : **ਵਿਕਾਸ ਜਾਂ ਬੌਧਿਕ ਅਪਾਹਜਤਾ ਵਾਲੇ ਆਪਣੇ ਬੱਚੇ/ਨਿਰਭਰ ਦੇ ਵੈਕਸੀਨ ਲਵਾਉਣ ਬਾਰੇ (ਵੈਕਸੀਨ ਵਾਲੀ ਥਾਂ 'ਤੇ ਸੁਵਿਧਾ, ਘਰ ਵਿੱਚ ਫੇਰੀ ਦੀਆਂ ਚੋਣਾਂ, ਟੀਕੇ ਲਵਾਉਣ ਤੋਂ ਡਰ ਆਦਿ ਬਾਰੇ) ਜਾਣਕਾਰੀ ਲਈ।**
- **ਓਨਟਾਰੀਓ ਕਮਿਊਨਿਟੀ ਸੁਪੋਰਟ ਐਸੋਸੀਏਸ਼ਨ** (www.ontariocommunitysupport.ca): **ਸੁਰੱਖਿਅਤ ਟ੍ਰਾਂਸਪੋਰਟੇਸ਼ਨ ਵਰਤਣ ਸਮੇਂ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੇ ਚੱਲਣ-ਫਿਰਨ ਦੀਆਂ ਸਮੱਸਿਆਵਾਂ ਵਾਲੇ ਬਜੁਰਗਾਂ ਸਮੇਤ ਅਪਾਹਜਤਾ ਵਾਲੇ ਲੋਕਾਂ ਨੂੰ ਘਰ ਤੋਂ ਵੈਕਸੀਨ ਵਾਲੀਆਂ ਥਾਂਵਾਂ ਤੱਕ ਲਿਜਾਣ ਅਤੇ ਵਾਪਸ ਘਰ ਛੱਡਣ ਵਾਲੀ ਐਕਸੈਸੀਬਲ ਡਰਾਈਵ-ਟੂ-ਵੈਕਸੀਨ ਬਾਰੇ ਜਾਣਕਾਰੀ ਲਈ।**

**ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?**

ਵੈਕਸੀਨਾਂ ਬਾਰੇ ਜਾਣਕਾਰੀ ਅਤੇ ਯੋਗਤਾ, ਅਪੁਆਇੰਟਮੈਂਟ ਕਿਵੇਂ ਬਣਾਉਣੀ ਹੈ, ਕਿਸ ਚੀਜ਼ ਦੀ ਉਮੀਦ ਰੱਖਣੀ ਹੈ ਅਤੇ ਹੋਰ ਚੀਜ਼ਾਂ ਬਾਰੇ ਜਾਣਕਾਰੀ ਸਮੇਤ ਓਨਟਾਰੀਓ ਲਈ ਕੋਵਿਡ-19 ਦੇ ਵੈਕਸੀਨਾਂ ਬਾਰੇ ਹੋਰ ਜਾਣਨ ਲਈ Ontario.ca/covidvaccine 'ਤੇ ਜਾਉ। ਕਿਸੇ ਤਜਰਬੇਕਾਰ ਏਜੰਟ ਜਾਂ ਹੈਲਥ ਸਪੈਸ਼ਲਿਸਟ ਨਾਲ ਗੱਲ ਕਰਨ ਲਈ ਤੁਸੀਂ 1-833-943-3900 'ਤੇ (ਜਿਹੜੇ ਲੋਕ ਬੋਲੇ ਹਨ, ਜਿਹਨਾਂ ਦੀ ਸੁਣਨ ਸ਼ਕਤੀ ਘੱਟ ਹੈ ਜਾਂ ਜਿਹਨਾਂ ਨੂੰ ਬੋਲਣ ਵਿੱਚ ਮੁਸ਼ਕਿਲ ਆਉਂਦੀ ਹੈ ਉਹ 1-866-797-0007 'ਤੇ) ਪ੍ਰੋਵਿੰਸ਼ਿਅਲ ਵੈਕਸੀਨ ਕੌਨਟੈਕਟ ਸੈਂਟਰ ਨਾਲ ਵੀ ਸੰਪਰਕ ਕਰ ਸਕਦੇ ਹੋ, ਇਹ ਸੇਵਾ 300 ਤੋਂ ਵੱਧ ਭਾਸ਼ਾਵਾਂ ਵਿੱਚ ਹਫਤੇ ਦੇ ਸੱਤੇ ਦਿਨ ਸਵੇਰ ਦੇ 8:00 ਵਜੇ ਤੋਂ ਰਾਤ ਦੇ 8:00 ਵਜੇ ਤੱਕ ਉਪਲਬਧ ਹੈ।

ਬੱਚਿਆਂ, ਜਵਾਨਾਂ, ਅਤੇ ਗਰਭਵਤੀ ਔਰਤਾਂ, ਬੱਚਿਆਂ ਨੂੰ ਦੁੱਧ ਚੁੰਘਾ ਰਹੀਆਂ ਜਾਂ ਗਰਭਵਤੀ ਹੋਣ ਦੀ ਪਲੈਨ ਕਰ ਰਹੀਆਂ ਔਰਤਾਂ ਨਾਲ ਸੰਬੰਧਿਤ ਕੋਵਿਡ-19 ਦੇ ਵੈਕਸੀਨ ਬਾਰੇ ਸਵਾਲਾਂ ਲਈ ਸਿੱਕਕਿਡਜ਼ ਪੀਡੀਐਟਰਿਕ ਰਜਿਸਟਰਡ ਨਰਸ ਨਾਲ ਫੋਨ ਉੱਤੇ ਗੁਪਤ ਗੱਲ ਕਰਨ ਲਈ ਅਪੁਆਇੰਟਮੈਂਟ ਬਣਾਉਣ ਲਈ sickkids.ca/vaccineconsult ਜਾਂ 1-888-304-6558 ਰਾਹੀਂ ਸਿੱਕਕਿਡਜ਼ ਕੋਵਿਡ-19 ਵੈਕਸੀਨ ਕਨਸਲਟ ਸਰਵਿਸ ਨਾਲ ਸੰਪਰਕ ਕਰੋ। ਫੋਨ ਉੱਤੇ ਦੋਭਾਸ਼ੀਏ ਦੀ ਵਰਤੋਂ ਨਾਲ ਇਹ ਸੇਵਾ ਵੀ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

ਜਾਂ ਕੋਵਿਡ-19 ਦੇ ਵੈਕਸੀਨਾਂ ਬਾਰੇ ਜਾਣਕਾਰੀ ਭਰਪੂਰ ਫੈਸਲਾ ਬਣਾਉਣ ਲਈ ਲੋੜੀਂਦੀ ਜਾਣਕਾਰੀ ਲੈਣ ਲਈ ਸਕਾਰਬਰੋ ਹੈਲਥ ਨੈੱਟਵਰਕ ਦੇ ਕਿਸੇ ਕਾਬਲ ਡਾਕਟਰ ਨਾਲ ਫੋਨ ਉੱਤੇ ਵੰਨ ਟੂ ਵੰਨ ਸਲਾਹ ਮਸ਼ਵਰਾ ਕਰਨ ਲਈ ਸਕਾਰਬਰੋ ਹੈਲਥ ਨੈੱਟਵਰਕ (ਐੱਸ ਐੱਚ ਐੱਨ) ਦੇ ਵੈਕਸਫੈਕਟਸ ਕਲਿਨਿਕ ਨੂੰ ਕਾਲ ਕਰੋ। shn.ca/vaxfacts ਰਾਹੀਂ ਅਪੁਆਇੰਟਮੈਂਟ ਬਣਾਉ ਜਾਂ 416-438-2911, ਐਕਸਟੈਨਸ਼ਨ 5738 'ਤੇ ਕਾਲ ਕਰੋ। ਇਹ ਅਪੁਆਇੰਟਮੈਂਟਾਂ ਸਵੇਰ ਦੇ 9:00 ਵਜੇ ਤੋਂ ਰਾਤ ਦੇ 8:00 ਵਜੇ ਤੱਕ ਹਫਤੇ ਦੇ ਸੱਤੇ ਦਿਨ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹਨ।

Catalogue No. (300928) ISBN No. 978-1-4868-6059-3. PDF May 2022. © Queen's Printer for Ontario 2022.

Ontario